230616/2020/IT BRANCH-PMIDC

ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
ਪਲਾਟ ਨੰ:3, ਸੈਕਟਰ 35-ਏ, ਚੰਡੀਗੜ੍ਹ
(ਮਿਉਂਸਪਲ ਸਰਵਿਸ ਸੈਲ)

## ਅਧਿਸੂਚਨਾ

ਸ4-ਡਸਸ-ਮਸਸ-(ਫਾਇਰ)-2020/ 28 ਮਿਤੀ : 13-07-2020

ਇਸ ਵਿਭਾਗ ਦੇ ਹੁਕਮ ਨੰ: ਸ7-ਮਸਸ-ਡਸਸ-(ਫਾਇਰ)-2019/16, ਮਿਤੀ 20.12.2019 ਅਤੇ ਸੋਧ ਅਨੁਸਾਰ ਹੁਕਮ ਨੰ ਸ7-ਮਸਸ-ਡਸਸ-(ਫਾਇਰ)-2019/2, ਮਿਤੀ 17.01.2020 ਰਾਹੀਂ ਪੰਜਾਬ ਰਾਜ ਦੀਆਂ ਵੱਖ-ਵੱਖ ਨਗਰ ਨਿਗਮਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਫਾਇਰ ਬ੍ਰਿਗੇਡਾਂ ਵਿੱਚ ਫਾਇਰ ਐਨ.ਓ.ਸੀ./ਫਾਇਰ ਰਿਪੋਰਟ ਦੀ ਫੀਸ ਨਿਰਧਾਰਤ ਕਰਨ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕਮੇਟੀ ਦੀ ਸਿਫਾਰਸ ਨੂੰ ਵਿਚਾਰਣ ਉਪਰੰਤ ਹੇਠ ਲਿਖੇ ਅਨੁਸਾਰ ਫੀਸ ਨਿਰਧਾਰਤ ਕੀਤੀ ਜਾਂਦੀ ਹੈ:-

| ਲੜੀ ਨੰ: | ਅਦਾਰਿਆਂ ਦਾ ਨਾਂ | ਫੀਸ ਦੀ ਰਕਮ (ਹਜ਼ਾਰਾ ਵਿੱਚ) |
|---|---|---|
| 1. | ਸਿਨੇਮਾ, ਪੈਟਰੋਲ ਪੰਪ, ਗੋਦਾਮ, ਉਚੀਆਂ ਇਮਾਰਤਾਂ (Highrise Buildings) 15 ਮੀਟਰ ਜਾਂ ਉਸ ਤੋਂ ਵੱਧ, ਰਿਹਾਇਸ਼ੀ ਕਲੋਨੀਆਂ, ਤਿੰਨ ਸਟਾਰ ਹੋਟਲ ਅਤੇ ਉਸ ਤੋਂ ਵੱਧ, ਮਾਲਜ (Malls), ਮੈਰਿਜ ਪੈਲੇਸ, ਹਸਪਤਾਲ, ਉਦਯੋਗਿਕ ਯੂਨਿਟ, ਆਰੇ (Saw Mills) | 20,000/- |
| 2. | ਹੋਟਲ (ਤਿੰਨ ਸਟਾਰ ਤੋਂ ਘੱਟ), ਹੋਰ ਵਪਾਰਕ ਅਦਾਰੇ, ਉਚੀਆਂ ਇਮਾਰਤਾਂ ਅਤੇ ਗਰੁੱਪ ਹਾਊਸਿੰਗ (15 ਮੀਟਰ ਤੋਂ ਘੱਟ), ਸੰਸਥਾਗਤ ਇਮਾਰਤਾਂ (Institutional Buildings) (5 ਮਰਲੇ ਤੋਂ ਵੱਧ ਪਲਾਟ) | 10,000/- |
| 3. | ਹੋਰ ਵਪਾਰਕ ਸੰਸਥਾਗਤ ਇਮਾਰਤਾਂ (Other Commercial Institutional Buildings) (5 ਮਰਲੇ ਪਲਾਟ ਤੋਂ ਘੱਟ) | 5,000/- |
| 4. | ਪ੍ਰਾਈਵੇਟ ਸਕੂਲ/ਪ੍ਰਾਈਵੇਟ ਕਾਲਜ (150 ਵਿਦਿਆਰਥੀਆਂ ਤੋਂ ਜਿਆਦਾ) | 10,000/- |
| 5. | ਪ੍ਰਾਈਵੇਟ ਸਕੂਲ/ਪ੍ਰਾਈਵੇਟ ਕਾਲਜ (150 ਵਿਦਿਆਰਥੀਆਂ ਤੋਂ ਘੱਟ) | 5,000/- |
| 6. | ਸਰਕਸ (Circus) ਮੇਲੇ, ਤਿਉਹਾਰਿਕ ਸਟਾਲਾਂ (stalls), ਨੁਮਾਇਸ਼, ਸ਼ਮਿਆਨਾ, ਪੰਡਾਲ, ਅਲੱਗ-ਅਲੱਗ ਪ੍ਰੋਗਰਾਮ ਕਰਵਾਉਣ ਆਦਿ (ਮਿਊਂਸਪਲ ਲਿਮਟ ਦੇ ਅੰਦਰ ਅਤੇ ਬਾਹਰ) | 10,000/- |
| 7. | ਫਾਇਰ ਕਾਲ ਅਤੇ attendance ਰਿਪੋਰਟ (ਜਿੱਥੇ ਨੁਕਸਾਨ 10 ਲੱਖ ਰੁਪਏ ਤੱਕ ਜਾਂ ਵੱਧ ਹੋਵੇ) | 5,000/- |
| 8. | ਫਾਇਰ ਕਾਲ ਅਤੇ attendance ਰਿਪੋਰਟ (ਜਿੱਥੇ ਨੁਕਸਾਨ 10 ਲੱਖ ਰੁਪਏ ਤੋਂ ਘੱਟ ਹੋਵੇ) | 2,000/- |
| 9. | ਝੁੱਗੀਆਂ/ਝੌਂਪੜੀਆਂ/ਜਿਮੀਂਦਾਰਾਂ ਦੇ ਖੇਤਾਂ ਵਿੱਚ ਅੱਗ ਲੱਗਣ ਤੇ ਫਾਇਰ ਕਾਲ ਰਿਪੋਰਟ ਦੇਣ ਸਬੰਧੀ। | ਕੋਈ ਨਹੀਂ। |
| 10. | ਸਰਕਾਰੀ ਅਤੇ ਧਾਰਮਿਕ ਪ੍ਰੋਗਰਾਮ ਦੀ ਪ੍ਰਵਾਨਗੀ ਦੇਣ ਸਬੰਧੀ। | ਕੋਈ ਨਹੀਂ। |

ਨੋਟ :-

(ੳ) ਫਾਇਰ ਐਨ.ਓ.ਸੀ ਜਾਰੀ ਕਰਨ ਦੀ ਮਿਤੀ ਤੋ ਇਕ ਸਾਲ ਲਈ ਲਾਗੂ ਕੀਤਾ ਜਾਵੇਗਾ।

Scanned by CamScanner

(ਅ) ਉਪਰੋਕਤ ਅਦਾਰਿਆਂ ਦੇ ਫਾਇਰ ਸੇਫਟੀ ਸਰਟੀਫਿਕੇਟ ਰੀਨਿਊ ਕਰਨ ਦੇ ਉਪਰੋਕਤ ਰਕਮ ਦਾ 50% ਚਾਰਜਿਜ ਲਿਆ ਜਾਵੇਗਾ, ਨਿਰਧਾਰਿਤ ਕੀਤੀ ਗਈ ਫੀਸ ਵਿੱਚ ਹਰ ਸਾਲ ਇਕ ਅਪ੍ਰੈਲ ਤੋ 10% ਦਾ ਵਾਧਾ ਕੀਤਾ ਜਾਵੇਗਾ।

(ੲ) ਫਾਇਰ ਐਨ.ਓ.ਸੀ. ਜਾਰੀ ਕਰਨ ਲਈ ਜਲਦ ਤੋਂ ਜਲਦ on line ਸਿਸਟਮ ਲਾਗੂ ਕੀਤਾ ਜਾਵੇ ਅਤੇ ਲਾਗੂ ਹੋਣ ਤੇ 100% ਫਾਇਰ ਐਨ.ਓ.ਸੀ. ਅਤੇ ਹੋਰ ਫਾਇਰ ਸਬੰਧੀ ਸਰਟੀਫਿਕੇਟ on line ਸਿਸਟਮ ਰਾਹੀਂ ਹੀ ਜਾਰੀ ਕੀਤੇ ਜਾਣਗੇ।

2. ਇਹ ਹੁਕਮ ਤਰੁੰਤ ਲਾਗੂ ਹੋਣਗੇ।

ਮਿਤੀ: ਚੰਡੀਗੜ੍ਹ
20-06-2020

ਸੰਜੇ ਕੁਮਾਰ, ਆਈ.ਏ.ਐਸ
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ ।

ਪਿੱਠ ਅੰਕਣ ਨੰਬਰ ਸ4-ਡਸਸ-ਮਸਸ-(ਫਾਇਰ)-2020/ 25754-824 ਮਿਤੀ, ਚੰਡੀਗੜ੍ਹ 13-07-2020

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਭੇਜਿਆ ਜਾਂਦਾ ਹੈ:-

1) ਸਮੂਹ ਕਮਿਸ਼ਨਰ, ਨਗਰ ਨਿਗਮਾਂ (ਪੰਜਾਬ ਰਾਜ ਵਿੱਚ);
2) ਸਮੂਹ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ (ਪੰਜਾਬ ਰਾਜ ਵਿੱਚ);
3) ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲਾਂ-ਨਗਰ ਪੰਚਾਇਤਾਂ (ਜਿੱਥੇ-2 ਫਾਇਰ ਸਟੇਸ਼ਨ ਸਥਾਪਤ ਹਨ) ।

ਸੁਪਰਡੰਟ (ਮ੍ਹਸਸ)

Scanned by CamScanner